# ਵਿਕਟੋਰੀਆ ਵਿੱਚ ਜਨਤਕ ਆਵਾਜਾਈ ਦੀ ਵਰਤੋਂ ਕਿਵੇਂ ਕਰੀਏ?



Transport Victoria

# ਮੁਫ਼ਤ ਯਾਤਰਾ

ਮੈਲਬੌਰਨ ਦੇ ਸਿਟੀ ਸੈਂਟਰ ਵਿੱਚ ਟ੍ਰਾਮ ਯਾਤਰਾ ਮੁਫ਼ਤ ਹੈ। ਜੇਕਰ ਤੁਸੀਂ ਸਿਰਫ਼ "ਫ੍ਰੀ ਟ੍ਰਾਮ ਜ਼ੋਨ" ਵਿੱਚ ਯਾਤਰਾ ਕਰ ਰਹੇ ਹੋ, ਤਾਂ ਤੁਹਾਨੂੰ ਮਾਈਕੀ ਕਾਰਡ ਨੂੰ ਟੈਪ ਔਨ ਜਾਂ ਟੈਪ ਔਫ਼ ਕਰਨ ਦੀ ਲੋੜ ਨਹੀਂ ਹੈ।

ਰੋਜ਼ਾਨਾ ਸਵੇਰੇ 9.30 ਵਜੇ ਤੋਂ ਸ਼ਾਮ 5 ਵਜੇ ਤੱਕ, ਮੁਫ਼ਤ ਇਤਿਹਾਸਕ ਸਿਟੀ ਸਰਕਲ ਟਰਾਮ (ਰੂਟ 35) 'ਤੇ ਸਵਾਰੀ ਕਰੋ ਅਤੇ ਮੈਲਬੌਰਨ ਬਾਰੇ ਜਾਣੋ।




## ਮੁੱਖ ਸਰੋਤ

- ਫ੍ਰੀ ਟ੍ਰਾਮ ਜ਼ੋਨ ਦੀ ਹੱਦ
- ਫ੍ਰੀ ਟ੍ਰਾਮ ਜ਼ੋਨ ਦੀ ਹੱਦ ਵਾਲਾ ਸਟੌਪ
- 86 ਟ੍ਰਾਮ ਰੂਟ
- 35 ਸਿਟੀ ਸਰਕਲ ਟ੍ਰਾਮ ਰੂਟ
- ਸਿਟੀ ਸਰਕਲ ਟ੍ਰਾਮ ਸਟੌਪ
- ਵਿਜ਼ਟਰ ਜਾਣਕਾਰੀ ਕੇਂਦਰ
- ਮੈਟਰੋਪੋਲੀਟਨ ਟ੍ਰੇਨ
- ਰਿਜ਼ਨਲ ਟ੍ਰੇਨ
- ਰਿਜ਼ਨਲ ਕੋਚ
- ਸਕਾਈਬੱਸ ਏਅਰਪੋਰਟ ਸ਼ਟਲ
- ਫੈਰੀ

ਟ੍ਰਾਮ ਸਟੌਪਾਂ 'ਤੇ ਲੱਗੇ ਇਹ ਚਿੰਨ੍ਹ ਵੇਖੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਹੱਦਾਂ ਦੇ ਅੰਦਰ ਹੋ।

## ਯਾਤਰਾ ਕਰਨ ਲਈ ਮਾਈਕੀ ਕਾਰਡ ਦੀ ਵਰਤੋਂ ਕਰਨਾ

ਵਿਕਟੋਰੀਆ ਵਿੱਚ ਜਨਤਕ ਆਵਾਜਾਈ 'ਤੇ ਯਾਤਰਾ ਕਰਨ ਲਈ ਮਾਈਕੀ ਤੁਹਾਡੀ ਟਿਕਟ ਹੈ।

ਮਾਈਕੀ ਦੀਆਂ ਦੋ ਕਿਸਮਾਂ ਹਨ - ਇੱਕ ਭੌਤਿਕ ਕਾਰਡ ਅਤੇ ਇੱਕ ਡਿਜ਼ੀਟਲ ਕਾਰਡ।

ਇੱਕ ਵਾਰ ਜਦੋਂ ਤੁਸੀਂ ਆਪਣਾ ਕਾਰਡ ਲੈ ਲੈਂਦੇ ਹੋ, ਤਾਂ ਤੁਹਾਨੂੰ ਯਾਤਰਾ ਕਰਨ ਲਈ ਇਸ ਵਿੱਚ ਪੈਸੇ ਪਾਉਣ (ਟੌਪ ਅੱਪ) ਕਰਨ ਦੀ ਲੋੜ ਹੋਵੇਗੀ।

### ਭੌਤਿਕ ਕਾਰਡ ਖ਼ਰੀਦ ਰਹੇ ਹੋ?

ਪੂਰੇ ਕਿਰਾਏ ਵਾਲਾ ਕਾਰਡ $6 ਦਾ ਹੈ।

ਰਿਆਇਤੀ ਕਾਰਡ $3 ਦਾ ਹੈ।

ਯੂਥ ਮਾਈਕੀ ਕਾਰਡ $5 ਦਾ ਹੈ।

ਤੁਸੀਂ ਇਹ ਕਾਰਡ ਔਨਲਾਈਨ ਜਾਂ ਨਿੱਜੀ ਤੌਰ ’ਤੇ ਜਾ ਕੇ ਖ਼ਰੀਦ ਸਕਦੇ ਹੋ।




### ਕੀ ਤੁਹਾਡੇ ਕੋਲ ਇੱਕ ਐਂਡਰਾਇਡ ਡਿਵਾਈਸ ਹੈ?

ਮੋਬਾਈਲ ਮਾਈਕੀ ਤੁਹਾਨੂੰ ਆਪਣੇ ਗੂਗਲ ਵੌਲਟ ਵਿੱਚ ਪੂਰੇ ਕਿਰਾਏ ਜਾਂ ਰਿਆਇਤੀ ਡਿਜ਼ੀਟਲ ਕਾਰਡ ਨੂੰ ਮੁਫ਼ਤ ਵਿੱਚ ਜੋੜਨ ਦਿੰਦਾ ਹੈ।

ਆਪਣੇ ਸਮਾਰਟਫ਼ੋਨ 'ਤੇ ਆਪਣੇ ਮਾਈਕੀ ਕਾਰਡ ਵਿੱਚ ਗੂਗਲ ਵੌਲਟ ਐਪ ਰਾਹੀਂ ਪੈਸੇ ਪਾਓ। ਔਨਲਾਈਨ ਟੌਪ ਅੱਪ ਕਰਨ ਵਿੱਚ 45 ਮਿੰਟ ਲੱਗ ਸਕਦੇ ਹਨ।




ਇੱਥੇ ਜਾ ਕੇ ਹੋਰ ਜਾਣੋ।

ਇਸਨੂੰ ਸਕੈਨ ਕਰੋ ਜਾਂ
**transport.vic.gov.au**
'ਤੇ ਜਾਓ।

## ਭੌਤਿਕ ਮਾਈਕੀ ਕਾਰਡ ਕਿੱਥੋਂ ਖ਼ਰੀਦਣਾ ਹੈ ਅਤੇ ਟੌਪ ਅੱਪ ਕਰਨਾ ਹੈ

| | ਖ਼ਰੀਦੋ | ਟੌਪ ਅੱਪ ਕਰੋ |
|---|---|---|
| ਵੈੱਬਸਾਈਟ ਤੋਂ | ✓ | ✓† |
| PTV ਐਪ ਤੋਂ | ✗ | ✓ |
| 7-Eleven ਅਤੇ ਮਾਈਕੀ ਕਾਰਡ ਦੇ ਚਿੰਨ੍ਹਾਂ ਵਾਲੇ ਹੋਰ ਸਟੋਰਾਂ ਤੋਂ | ✓ | ✓ |
| ਮਾਈਕੀ ਟਿਕਟ ਮਸ਼ੀਨਾਂ ਤੋਂ | ✓## | ✓ |
| ਮਾਈਕੀ ਨੂੰ ਝੱਟਪੱਟ ਟੌਪ ਅੱਪ ਕਰਨ ਵਾਲੀਆਂ ਮਸ਼ੀਨਾਂ ਤੋਂ | ✗ | ✓ |
| ਟ੍ਰੇਨ ਸਟੇਸ਼ਨਾਂ ਦੇ ਟਿਕਟ ਦਫ਼ਤਰ ਤੋਂ | ✓ | ✓ |
| ਸਦਰਨ ਕ੍ਰਾਸ ਸਟੇਸ਼ਨ ਦੇ PTV ਹੱਬ ਤੋਂ | ✓ | ✓ |
| ਫ਼ੋਨ ਤੋਂ | ✓ | ✓ |

† 45 ਮਿੰਟ ਦਿਓ।
## ਯੂਥ ਮਾਈਕੀ ਕਾਰਡ ਟਿਕਟ ਮਸ਼ੀਨਾਂ ਰਾਹੀਂ ਖ਼ਰੀਦਣ ਲਈ ਉਪਲਬਧ ਨਹੀਂ ਹਨ।

### 'ਮਾਈਕੀ ਮਨੀ' ਜਾਂ 'ਮਾਈਕੀ ਪਾਸ' ਚੁਣੋ

'ਮਾਈਕੀ ਮਨੀ' ਤੁਹਾਨੂੰ ਯਾਤਰਾ ਮੁਤਾਬਕ ਭੁਗਤਾਨ ਕਰਨ ਦੀ ਸੁਵਿਧਾ ਦਿੰਦਾ ਹੈ। ਜੇਕਰ ਤੁਸੀਂ ਹਫ਼ਤੇ ਵਿੱਚ 5 ਜਾਂ ਇਸ ਤੋਂ ਵੱਧ ਦਿਨ ਯਾਤਰਾ ਕਰਦੇ ਹੋ, ਤਾਂ 'ਮਾਈਕੀ ਪਾਸ' ਤੁਹਾਡੇ ਪੈਸੇ ਬਚਾ ਸਕਦਾ ਹੈ।

# ਕਿਰਾਏ

ਤੁਸੀਂ ਟ੍ਰੇਨ, ਟ੍ਰਾਮ, ਜਾਂ ਬੱਸ* ‘ਤੇ ਮੈਲਬੌਰਨ ਜਾਂ ਦਿਹਾਤੀ ਵਿਕਟੋਰੀਆ ਵਿੱਚ ਜਿੱਥੇ ਵੀ ਜਾਂਦੇ ਹੋ, ਤੁਹਾਨੂੰ ਰੋਜ਼ਾਨਾ ਦੇ ਵੱਧ ਤੋਂ ਵੱਧ ਕਿਰਾਏ ਦੀ ਸੀਮਾ ਤੋਂ ਵੱਧ ਭੁਗਤਾਨ ਨਹੀਂ ਕਰਨਾ ਪਵੇਗਾ।

| ਰੋਜ਼ਾਨਾ ਦੇ ਵੱਧ ਤੋਂ ਵੱਧ ਕਿਰਾਏ ਦੀ ਸੀਮਾ | ਕੰਮਕਾਜੀ ਦਿਨ | ਸ਼ਨੀ-ਐਤਵਾਰ# |
|---|---|---|
| ਪੂਰਾ ਕਿਰਾਇਆ | $11.40 | $8.00 |
| ਰਿਆਇਤ | $5.70 | $4.00 |

ਹਰ ਯਾਤਰਾ ਦੀ ਸ਼ੁਰੂਆਤ ‘ਤੇ ਟੈਪ ਕਰੋ, ਸਿਵਾਏ ਜੇਕਰ ਤੁਸੀਂ ਫ੍ਰੀ ਟ੍ਰਾਮ ਜ਼ੋਨ ਵਿੱਚ ਯਾਤਰਾ ਕਰ ਰਹੇ ਹੋ।

ਟ੍ਰੇਨਾਂ, ਬੱਸਾਂ ਅਤੇ ਜ਼ੋਨ 2 ਦੀਆਂ ਟ੍ਰਾਮ ਯਾਤਰਾਵਾਂ ‘ਤੇ ਸਭ ਤੋਂ ਘੱਟ ਕਿਰਾਇਆ ਪ੍ਰਾਪਤ ਕਰਨ ਲਈ, ਤੁਹਾਨੂੰ ਟੈਪ ਔੱਫ਼ ਵੀ ਕਰਨ ਦੀ ਲੋੜ ਹੈ।

| | ਟੈਪ ਔਨ | ਟੈਪ ਔੱਫ਼ |
|---|---|---|
| ਟ੍ਰੇਨਾਂ | ✓ | ✓ |
| ਬੱਸਾਂ | ✓ | ✓ |
| ਜ਼ੋਨ 1 ਵਿੱਚ ਟ੍ਰਾਮ ਯਾਤਰਾ | ✓ | ✗ |
| ਜ਼ੋਨ 2 ਵਿੱਚ ਟ੍ਰਾਮ ਯਾਤਰਾ | ✓ | ✓ |
| ਮੈਲਬੌਰਨ ਦੇ ਮੁਫ਼ਤ ਟ੍ਰਾਮ ਜ਼ੋਨ ਵਿੱਚ ਟ੍ਰਾਮ ਯਾਤਰਾ | ✗ | ✗ |

### ਮੁਫ਼ਤ ਯਾਤਰਾ

18 ਸਾਲ ਤੋਂ ਘੱਟ ਉਮਰ ਵਾਲੇ ਸਾਰੇ ਯਾਤਰੀ ਜਨਤਕ ਆਵਾਜਾਈ ’ਤੇ ਕਿਸੇ ਵੀ ਸਮੇਂ, ਕਿਤੇ ਵੀ ਮੁਫ਼ਤ ਯਾਤਰਾ ਕਰ ਸਕਦੇ ਹਨ। ਯੂਥ ਮਾਈਕੀ ਕਾਰਡ 5 ਤੋਂ 17 ਸਾਲ ਦੀ ਉਮਰ ਵਾਲੇ ਹਰੇਕ ਵਿਅਕਤੀ ਲਈ ਉਪਲਬਧ ਹੈ।

5 ਸਾਲ ਤੋਂ ਘੱਟ ਉਮਰ ਦੇ ਬੱਚੇ ਮੁਫ਼ਤ ਯਾਤਰਾ ਕਰਦੇ ਹਨ ਅਤੇ ਉਹਨਾਂ ਨੂੰ ਮਾਈਕੀ ਕਾਰਡ ਦੀ ਲੋੜ ਨਹੀਂ ਹੁੰਦੀ ਹੈ।

ਵਿਕਟੋਰੀਆ ਦੇ ਬਜ਼ੁਰਗ ਆਪਣੇ ਮੌਜੂਦਾ ਰਿਆਇਤ ਲਾਭਾਂ ਰਾਹੀਂ ਉਪਲਬਧ ਛੋਟਾਂ ਤੋਂ ਇਲਾਵਾ, ਰਾਜ ਭਰ ਵਿੱਚ ਸ਼ਨੀ-ਐਤਵਾਰ ਨੂੰ ਮੁਫ਼ਤ ਯਾਤਰਾ ਦਾ ਆਨੰਦ ਮਾਣਦੇ ਹਨ।

ਅਪੰਗਤਾ ਸਹਾਇਤਾ ਪੈਨਸ਼ਨ ਪ੍ਰਾਪਤਕਰਤਾ ਅਤੇ ਦੇਖਭਾਲਕਰਤਾ ਸ਼ਨੀ-ਅਤੀਵਾਰ ਨੂੰ ਰਾਜ ਭਰ ਵਿੱਚ ਮੁਫ਼ਤ ਯਾਤਰਾ ਕਰ ਸਕਦੇ ਹਨ।

## PTV ਐਪ



PTV ਐਪ ਦੇ ਨਾਲ, ਤੁਸੀਂ ਇਹ ਕਰ ਸਕਦੇ ਹੋ:

- ਆਪਣਾ myki ਤੁਰੰਤ ਟੌਪ ਅੱਪ ਕਰ ਸਕਦੇ ਹੋ
- ਸੁਵਿਧਾ ਲਈ ਆਟੋ ਟੌਪ ਅੱਪ ਸੈੱਟ ਕਰੋ ਅਤੇ ਭੁੱਲ ਜਾਓ
- ਆਪਣੇ myki ਨੂੰ ਰਜਿਸਟਰ ਕਰੋ ਤਾਂ ਜੋ ਕਾਰਡ ਖੋਹ ਜਾਣ ’ਤੇ ਬਕਾਇਆ ਸੁਰੱਖਿਅਤ ਰਹੇ
- ਆਪਣੀ ਯਾਤਰਾ ਦੀ ਯੋਜਨਾ ਬਣਾਓ ਅਤੇ ਟਰੈਕ ਕਰੋ

ਇਸਨੂੰ ਐਪ ਸਟੋਰ ਜਾਂ ਗੂਗਲ ਪਲੇ ਤੋਂ ਮੁਫ਼ਤ ਵਿੱਚ ਡਾਊਨਲੋਡ ਕਰੋ, ਜਾਂ ਹੋਰ ਜਾਣਨ ਲਈ **transport.vic.gov.au/app** ‘ਤੇ ਜਾਓ।

## ਰਿਜ਼ਨਲ ਯਾਤਰਾ

ਰੋਜ਼ਾਨਾ ਕਿਰਾਏ ਦੀ ਵੱਧ ਤੋਂ ਵੱਧ ਸੀਮਾ ਦੇ ਨਾਲ, ਤੁਸੀਂ ਵਿਕਟੋਰੀਆ ਭਰ ਵਿੱਚ ਕਿਸੇ ਵੀ ਟ੍ਰੇਨ, ਬੱਸ ਜਾਂ ਰਿਜ਼ਨਲ ਕੋਚ ਵਿੱਚ ਸਾਰਾ ਦਿਨ ਸਿਰਫ਼ $11.40 ਵਿੱਚ ਯਾਤਰਾ ਕਰ ਸਕਦੇ ਹੋ – ਸ਼ਨੀ-ਐਤਵਾਰ ਇਸਤੋਂ ਵੀ ਘੱਟ।

ਮਾਈਕੀ ਕਾਰਡ ਦਿਹਾਤੀ ਵਿਕਟੋਰੀਆ ਦੇ ਕਈ ਇਲਾਕਿਆਂ ਵਿੱਚ ਯਾਤਰਾ ਕਰਨ ਲਈ ਤੁਹਾਡੀ ਟਿਕਟ ਹੈ, ਜਿਸ ਵਿੱਚ ਬੈਲਾਰਟ, ਬੇਂਡੀਗੋ, ਜੀਲੌਂਗ, ਗਿਪਸਲੈਂਡ ਅਤੇ ਸੀਮੌਰ ਸ਼ਾਮਲ ਹਨ।

### ਮੈਨੂੰ ਕਦੋਂ ਇੱਕ ਵੱਖਰੀ ਕਿਸਮ ਦੀ ਟਿਕਟ ਦੀ ਲੋੜ ਹੈ?

ਜਿਨ੍ਹਾਂ ਯਾਤਰਾਵਾਂ ਵਿੱਚ ਮਾਈਕੀ ਜ਼ੋਨ ਤੋਂ ਬਾਹਰ ਦੀ ਯਾਤਰਾ ਸ਼ਾਮਲ ਹੁੰਦੀ ਹੈ, ਉਨ੍ਹਾਂ ਲਈ ਤੁਹਾਨੂੰ ਈ-ਟਿਕਟ ਜਾਂ ਕਾਗਜ਼ੀ ਟਿਕਟ ਦੀ ਲੋੜ ਹੁੰਦੀ ਹੈ।

* ਇਸ ਵਿੱਚ ਸਕਾਈਬੱਸ ਏਅਰਪੋਰਟ ਸੇਵਾ ਅਤੇ ਵਿਕਟੋਰੀਆ ਤੋਂ ਬਾਹਰ ਸ਼ੁਰੂ ਜਾਂ ਖ਼ਤਮ ਹੋਣ ਵਾਲੀਆਂ ਯਾਤਰਾਵਾਂ ਸ਼ਾਮਲ ਨਹੀਂ ਹਨ।

\# ਸ਼ਨੀ-ਐਤਵਾਰ ਅਤੇ ਸਰਕਾਰੀ ਛੁੱਟੀਆਂ।

**ਵਧੇਰੇ ਜਾਣਕਾਰੀ ਇੱਥੇ ਵੇਖੋ:**

**transport.vic.gov.au**

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਮੁਸ਼ਕਲ ਹੈ, ਤਾਂ ਨੈਸ਼ਨਲ ਰੀਲੇਅ ਸਰਵਿਸ ਰਾਹੀਂ ਸਾਡੇ ਨਾਲ ਸੰਪਰਕ ਕਰੋ। ਵਧੇਰੇ ਜਾਣਕਾਰੀ ਲਈ, ਇੱਥੇ ਜਾਓ: **relayservice.gov.au**

ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਲਈ, ਇੱਥੇ ਫ਼ੋਨ ਕਰੋ:

| | | | |
|---|---|---|---|
| 普通話 | 9321 5454 | 廣東話 | 9321 5441 |
| Italiano | 9321 5444 | ਪੰਜਾਬੀ | 9321 5445 |
| Ελληνικά | 9321 5443 | हिन्दी | 9321 5442 |
| Việt-ngữ | 9321 5449 | සිංහල | 9321 5446 |
| عربي | 9321 5440 | Español | 9321 5447 |

ਜੇਕਰ ਤੁਹਾਡੀ ਭਾਸ਼ਾ ਦਾ ਨਾਮ ਇੱਥੇ ਨਹੀਂ ਹੈ ਤਾਂ **transport.vic.gov.au/languages** 'ਤੇ ਜਾਓ ਜਾਂ 9321 5450 'ਤੇ ਫ਼ੋਨ ਕਰੋ।

1 ਜਨਵਰੀ 2026 ਤੋਂ ਲਾਗੂ।

DTP1681-E/25

VICTORIA State Government | Department of Transport and Planning

PT>